# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 07:30

**ਮਿਤੀ :04-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਬ੍ਰਿਕਸ ਦੇਸ਼ਾਂ ਦੇ ਚੀਫ਼ ਜਸਟਿਸਿਸ ਦਾ ਤਿੰਨ ਦਿਨਾਂ ਸੰਮੇਲਨ ਅੱਜ ਨਵੀਂ ਦਿੱਲੀ ਵਿੱਚ ਸ਼ੁਰੂ. ਭਾਰਤ ਦੇ ਚੀਫ਼ ਜਸਟਿਸ ਵਲੋਂ ਕਈ ਦੇਸ਼ਾਂ ਦੇ ਨਿਆਂਇਕ ਵਫ਼ਦਾਂ ਦੇ ਮੁਖੀਆਂ ਨਾਲ ਦੁਵੱਲੀਆਂ ਮੀਟਿੰਗਾਂ.

- ਉਪ-ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ ਦੇ ਐਕਸ-ਆਫੀਸ਼ੀਓ ਚਾਂਸਲਰ, ਸ੍ਰੀ ਸੀ. ਪੀ. ਰਾਧਾ-ਕ੍ਰਿਸ਼ਨਨ ਨੇ ਕਿਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਭਾਰਤ ਦੇ ਉੱਚ ਸਿੱਖਿਆ ਅਤੇ ਵਿਗਿਆਨਕ ਖੋਜ ਸਿਲਸਿਲੇ ਵਿੱਚ ਵੱਡੀ ਤਬਦੀਲੀ ਆਈ ਏ.

- ਪੰਜਾਬ ਸਰਕਾਰ ਵਲੋਂ 17 ਜੁਲਾਈ, 2020 ਤੋਂ ਬਾਅਦ ਭਰਤੀ ਹੋਏ ਰਾਜ ਦੇ ਕਰੀਬ 85 ਹਜ਼ਾਰ ਸਰਕਾਰੀ ਮੁਲਾਜ਼ਮਾਂ ਦੇ

ਮਹਿੰਗਾਈ ਭੱਤੇ ਨੂੰ ਸੋਧ ਕੇ 42 ਫੀਸਦੀ ਤੋਂ 60 ਫੀਸਦੀ ਕਰਨ ਦਾ ਫੈਸਲਾ.

- ਸੁਪਰੀਮ ਕੋਰਟ ਨੇ ਸੱਤ ਰਾਜਾਂ ਨੂੰ ਨਿਆਂਇਕ ਅਧਿਕਾਰੀਆਂ ਦੀ ਸੇਵਾਮੁਕਤੀ ਦੀ ਉਮਰ 60 ਤੋਂ ਵਧਾ ਕੇ 62 ਸਾਲ ਕਰਨ ਦਾ ਨਿਰਦੇਸ਼ ਦਿੱਤਾ ਏ।

- ਚਾਈਨਾ ਮਾਸਟਰਜ਼ ਬੈਡਮਿੰਟਨ ਵਿੱਚ, ਸਾਤਵਿਕਸਾਈਰਾਜ ਰੰਕੀਰੈਡੀ ਅਤੇ ਚਿਰਾਗ ਸ਼ੈੱਟੀ ਦੀ ਜੋੜੀ, ਲਗਾਤਾਰ ਚੌਥੀ ਵਾਰ ਚਾਈਨਾ ਮਾਸਟਰਜ਼ ਸੈਮੀਫਾਈਨਲ ਵਿੱਚ ਪਹੁੰਚੀ.

---------------------------------------------------

ਬ੍ਰਿਕਸ ਦੇਸ਼ਾਂ ਦੇ ਚੀਫ਼ ਜਸਟਿਸਿਸ ਦਾ ਤਿੰਨ ਦਿਨਾਂ ਸੰਮੇਲਨ ਅੱਜ ਨਵੀਂ ਦਿੱਲੀ ਵਿੱਚ ਸ਼ੁਰੂ ਹੋਇਆ। ਬ੍ਰਿਕਸ ਮੈਂਬਰ ਅਤੇ ਭਾਈਵਾਲ ਦੇਸ਼ਾਂ ਦੇ ਚੀਫ਼ ਜਸਟਿਸ, ਸੁਪਰੀਮ ਕੋਰਟ ਦੇ ਮੁਖੀ ਅਤੇ ਸੀਨੀਅਰ ਨਿਆਂਇਕ ਅਧਿਕਾਰੀ ਕਾਨਫਰੰਸ ਵਿੱਚ ਹਿੱਸਾ ਲੈ ਰਹੇ ਨੇ. ਭਾਰਤ ਦੇ ਚੀਫ਼ ਜਸਟਿਸ, ਸੂਰਿਆ ਕਾਂਤ ਨੇ ਅੱਜ ਰੂਸ, ਚੀਨ, ਸੰਯੁਕਤ ਅਰਬ ਅਮੀਰਾਤ, ਦੱਖਣੀ ਅਫਰੀਕਾ, ਈਰਾਨ ਅਤੇ ਉਜ਼ਬੇਕਿਸਤਾਨ ਸਮੇਤ ਕਈ ਦੇਸ਼ਾਂ ਦੇ ਨਿਆਂਇਕ ਵਫ਼ਦਾਂ ਦੇ ਮੁਖੀਆਂ ਨਾਲ ਕਈ ਦੁਵੱਲੀਆਂ ਮੀਟਿੰਗਾਂ ਕੀਤੀਆਂ। ਇਨ੍ਹਾਂ

ਮੀਟਿੰਗਾਂ ਵਿੱਚ ਦੇਸ਼ਾਂ ਵਿਚਕਾਰ ਨਿਆਂਇਕ ਸਹਿਯੋਗ ਨੂੰ ਮਜ਼ਬੂਤ ਕਰਨ, ਨਿਆਂਪਾਲਿਕਾ ਦੀ ਕੁਸ਼ਲਤਾ ਵਧਾਉਣ ਲਈ ਤਕਨਾਲੋਜੀ ਦੀ ਵਰਤੋਂ ਨੂੰ ਏਕੀਕ੍ਰਿਤ ਕਰਨ, ਤੇਜ਼ ਨਿਆਂਇਕ ਪ੍ਰਕਿਰਿਆਵਾਂ ਰਾਹੀਂ ਲੋਕਾਂ ਤੋਂ ਲੋਕਾਂ ਦੇ ਸਬੰਧਾਂ ਨੂੰ ਬਿਹਤਰ ਬਣਾਉਣ ਅਤੇ ਵੱਖ-ਵੱਖ ਦੇਸ਼ਾਂ ਦੀਆਂ ਬਿਹਤਰੀਨ ਕਾਨੂੰਨੀ ਵਿਧੀਆਂ ਨੂੰ ਸਾਂਝਾ ਕਰਨ ਬਾਰੇ ਚਰਚਾ ਕੀਤੀ ਗਈ। ਇਹ ਕਾਨਫਰੰਸ ਨਿਆਂਪਾਲਿਕਾ ਲਈ ਨਿਆਂ ਪ੍ਰਦਾਨ ਕਰਨ, ਅੰਤਰਰਾਸ਼ਟਰੀ ਵਿਵਾਦਾਂ ਨੂੰ ਸੁਲਝਾਉਣ, ਤਕਨਾਲੋਜੀ ਅਤੇ ਨਿਰੰਤਰ ਰਹਿਣ ਯੋਗ ਵਿਕਾਸ ਨਾਲ ਸਬੰਧਤ ਮੌਜੂਦਾ ਮੁੱਦਿਆਂ 'ਤੇ ਚਰਚਾ ਕਰਨ ਲਈ ਇੱਕ ਮੰਚ ਏ. ਇਹ ਨਿਆਂਇਕ ਅਧਿਕਾਰੀਆਂ ਵਿਚਕਾਰ ਗੱਲਬਾਤ ਨੂੰ ਵੀ ਉਤਸ਼ਾਹਿਤ ਕਰਦਾ ਏ।

---------------------------------------------------------

ਦੇਸ਼ ਦੇ ਉਪ-ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ ਦੇ ਐਕਸ-ਆਫੀਸ਼ੀਓ ਚਾਂਸਲਰ, ਸ਼੍ਰੀ ਸੀ. ਪੀ. ਰਾਧਾ-ਕ੍ਰਿਸ਼ਨਨ ਨੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਸੱਦਾ ਦਿੱਤਾ ਕਿ ਉਹ, ਇਸ ਵਿਲੱਖਣ ਸੰਸਥਾ ਨੂੰ ਦੁਨੀਆ ਦੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਵਿੱਚ ਲਿਆਉਣ ਲਈ ਆਪਣਾ ਸਭ ਤੋਂ ਵਧੀਆ

ਯੋਗਦਾਨ ਦੇਣ। ਅੱਜ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਨੇ ਸਾਲ 1882 ਵਿੱਚ ਇਸਦੀ ਸਥਾਪਨਾ ਤੋਂ ਬਾਅਦ ਇਸਦੇ ਵਿਰਸੇ ਨੂੰ ਯਾਦ ਕੀਤਾ ਅਤੇ ਨੇਤਾਵਾਂ, ਕਾਨੂੰਨਦਾਨਾਂ, ਵਿਗਿਆਨੀਆਂ, ਖਿਡਾਰੀਆਂ ਅਤੇ ਜਨਤਕ ਸੇਵਕਾਂ ਦੀਆਂ ਪੀੜ੍ਹੀਆਂ ਵਲੋਂ ਰਾਸ਼ਟਰ ਨਿਰਮਾਣ ਵਿੱਚ ਇਸ ਦੇ ਯੋਗਦਾਨ ਦਾ ਜ਼ਿਕਰ ਕੀਤਾ। ਉਪ-ਰਾਸ਼ਟਰਪਤੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਭਾਰਤ ਦੇ ਉੱਚ ਸਿੱਖਿਆ ਅਤੇ ਵਿਗਿਆਨਕ ਖੋਜ ਸਿਲਸਿਲੇ ਵਿੱਚ ਇੱਕ ਵੱਡੀ ਤਬਦੀਲੀ ਆਈ ਏ। ਉਨ੍ਹਾਂ ਕਿਹਾ ਕਿ ਭਾਰਤ ਗੁਣਵੱਤਾ ਸਿੱਖਿਆ, ਖੋਜ ਅਤੇ ਨਵੀਨਤਾ ਲਈ ਇੱਕ ਵਿਸ਼ਵ-ਵਿਆਪੀ ਮੰਜ਼ਿਲ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਏ। ਉਨ੍ਹਾਂ ਖੋਜਕਰਤਾਵਾਂ ਨੂੰ ਅਸਲ ਸਮਾਜਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਗਿਆਨ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ। ਉਪ-ਰਾਸ਼ਟਰਪਤੀ ਖੋਜ ਅਤੇ ਹੋਰ ਗਤੀਵਿਧੀਆਂ ਲਈ ਵਿਗਿਆਨਕ ਸਹੂਲਤਾਂ ਦਾ ਉਦਘਾਟਨ ਕਰਨ ਲਈ ਪੰਜਾਬ ਯੂਨੀਵਰਸਿਟੀ ਵਿਖੇ ਪੁਹੰਚੇ ਹੋਏ ਸਨ। ਉਨ੍ਹਾਂ ਵਿਦਿਆਰਥੀਆਂ ਨੂੰ "ਨਸ਼ਾ ਮੁਕਤ ਭਾਰਤ" ਵਿੱਚ ਯੋਗਦਾਨ ਪਾਉਣ ਅਤੇ ਪਦਾਰਥਾਂ ਦੀ ਦੁਰਵਰਤੋਂ

ਤੋਂ ਦੂਰ ਰਹਿਣ ਅਤੇ ਆਪਣੇ ਪਰਿਵਾਰਾਂ ਅਤੇ ਦੋਸਤਾਂ ਨੂੰ ਅਜਿਹਾ ਕਰਨ ਲਈ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ-

BYTE

ਇਸ ਮੌਕੇ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸ਼ਕ ਗੁਲਾਬ ਚੰਦ ਕਟਾਰੀਆ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਵੀ ਸੰਬੋਧਨ ਕੀਤਾ । ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਯੂਨੀਵਰਸਿਟੀ ਨੂੰ ਪੰਜਾਬ ਵਿਚ ਸਰਹੱਦ ਪਾਰੋਂ ਡਰੋਨ ਰਾਹੀਂ ਨਸ਼ਿਆਂ ਦੀ ਹੋਣ ਵਾਲੀ ਤਸਕਰੀ ਨੂੰ ਰੋਕਣ ਲਈ ਡਰੋਨ ਵਿਰੋਧੀ ਪ੍ਰਣਾਲੀ ਵਿਕਸਤ ਕਰਨ ਦਾ ਸੱਦਾ ਦਿੱਤਾ-

BYTE

ਨੌਜਵਾਨਾਂ ਨੂੰ ਆਪਣਾ ਰੋਜ਼ਗਾਰ ਸ਼ੁਰੂ ਕਰਨ ਦੇ ਸਮਰਥ ਬਣਾਉਣ ਲਈ ਸ੍ਰੀ ਕਟਾਰੀਆ ਨੇ ਪੰਜਾਬ ਯੂਨੀਵਰਸਿਟੀ ਨੂੰ ਥੋੜੇ ਸਮੇਂ ਦੇ ਕਿੱਤਾਮੁਖੀ ਕੋਰਸ ਸ਼ੁਰੂ ਕਰਨ ਲਈ ਆਖਿਆ-

BYTE

ਇਸ ਮੌਕੇ ਯੂਨੀਵਰਸਿਟੀ ਵਾਈਸ ਚਾਂਸਲਰ ਅਧਿਅਪਕ ਵਿਦਿਆਰਥੀ ਤੇ ਹੋਰ ਪਤਵੰਤੇ ਵੀ ਮੌਜੂਦ ਰਹੇ ।

---------------------------------------------------------

ਪੰਜਾਬ ਸਰਕਾਰ ਨੇ 17 ਜੁਲਾਈ, 2020 ਤੋਂ ਬਾਅਦ ਭਰਤੀ ਹੋਏ ਰਾਜ ਦੇ ਕਰੀਬ 85 ਹਜ਼ਾਰ ਸਰਕਾਰੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ (ਡੀਏ) ‘ਚ ਸੋਧ ਕਰਨ ਦਾ ਫੈਸਲਾ ਕੀਤਾ ਏ । ਡੀਏ ਨੂੰ ਮੌਜੂਦਾ 42 ਫੀਸਦੀ ਤੋਂ ਸੋਧ ਕੇ 60 ਫੀਸਦੀ ਕੀਤਾ ਜਾਵੇਗਾ। ਇਹ ਰਾਜ ਸਰਕਾਰ ਦੇ ਓਹ ਮੁਲਾਜ਼ਮ ਨੇ ਜਿਨ੍ਹਾਂ ਦੀ ਜੁਲਾਈ 2020 ਵਿੱਚ ਕੇਂਦਰੀ ਤਨਖਾਹ ਸਕੇਲਾਂ 'ਤੇ ਭਰਤੀ ਹੋਈ ਸੀ । ਇਹ ਐਲਾਨ ਪੰਜਾਬ ਦੇ ਸਨਅਤ ਮੰਤਰੀ ਅਮਨ ਅਰੋੜਾ ਨੇ ਅੱਜ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ । ਇਨ੍ਹਾਂ ਮੁਲਾਜ਼ਮਾਂ ਦੇ ਡੀਏ ਵਿੱਚ ਵਾਧੇ ਦੀ ਸਿਫਾਰਸ਼ ਸਰਕਾਰ ਵਲੋਂ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਲਈ ਬਣਾਈ ਗਈ 3 ਮੈਂਬਰੀ ਕੈਬਨਿਟ ਸਬ-ਕਮੇਟੀ ਵਲੋਂ ਕੀਤੀ ਗਈ ਏ. ਹਾਲਾਂਕਿ, ਇਸ ਫੈਸਲੇ ਨਾਲ 2020 ਤੋਂ ਪਹਿਲਾਂ ਭਰਤੀ ਕੀਤੇ ਗਏ ਕੋਈ 3 ਲਖ 15 ਹਜ਼ਾਰ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਲੰਮੇ ਸਮੇਂ ਤੋਂ ਚਲੀਆਂ

ਆ ਰਹੀਆਂ ਮੰਗਾਂ ਪੂਰੀਆਂ ਹੋਣ, ਖਾਸ ਕਰਕੇ ਉਨ੍ਹਾਂ ਦੇ ਬਕਾਇਆ ਡੀਏ ਦੀਆਂ ਕਿਸ਼ਤਾਂ ਜਾਰੀ ਹੋਣ ਦੀ ਉਮੀਦ ਏ.

---------------------------------------------------------------------

ਸੁਪਰੀਮ ਕੋਰਟ ਨੇ ਸੱਤ ਰਾਜਾਂ ਨੂੰ ਨਿਆਂਇਕ ਅਧਿਕਾਰੀਆਂ ਦੀ ਸੇਵਾਮੁਕਤੀ ਦੀ ਉਮਰ 60 ਤੋਂ ਵਧਾ ਕੇ 62 ਸਾਲ ਕਰਨ ਦਾ ਨਿਰਦੇਸ਼ ਦਿੱਤਾ ਏ। ਚੀਫ਼ ਜਸਟਿਸ, ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਨੇ ਛੱਤੀਸਗੜ੍ਹ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਸਿੱਕਮ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਰਾਜਾਂ ਨੂੰ ਆਪਣੇ-ਆਪਣੇ ਸੇਵਾ ਨੇਮਾਂ ਵਿੱਚ ਸੋਧ ਕਰਕੇ ਸੇਵਾਮੁਕਤੀ ਦੀ ਉਮਰ ਬਕਾਇਦਾ ਤੌਰ 'ਤੇ 62 ਸਾਲ ਕਰਨ ਦਾ ਨਿਰਦੇਸ਼ ਦਿੱਤਾ। ਸੁਪਰੀਮ ਕੋਰਟ ਨੇ ਕਿਹਾ ਕਿ 60 ਸਾਲ ਦੀ ਉਮਰ ਪ੍ਰਾਪਤ ਕਰਨ ਵਾਲੇ ਨਿਆਂਇਕ ਅਧਿਕਾਰੀਆਂ ਨੂੰ 62 ਸਾਲ ਦੀ ਉਮਰ ਤੱਕ ਸੇਵਾ ਵਿੱਚ ਬਣੇ ਰਹਿਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਸੰਬੰਧਿਤ ਹਾਈ ਕੋਰਟ ਵਲੋਂ ਯੋਗਤਾ ਅਤੇ ਕਾਰਗੁਜ਼ਾਰੀ ਮੁਲੰਕਣ ਤੋਂ ਗੁਜ਼ਰਨਾ ਪਵੇਗਾ। ਅਦਾਲਤ ਨੇ ਇਨ੍ਹਾਂ ਰਾਜਾਂ ਵਿੱਚ ਇਸ ਸਾਲ 31 ਮਾਰਚ ਨੂੰ ਜਾਂ ਉਸ ਤੋਂ ਬਾਅਦ ਸੇਵਾਮੁਕਤ ਹੋਏ ਨਿਆਂਇਕ

ਅਧਿਕਾਰੀਆਂ ਲਈ ਨਿਆਂਇਕ ਸੇਵਾ ਵਿੱਚ ਮੁੜ ਪ੍ਰਵੇਸ਼ ਲਈ ਅਰਜ਼ੀ ਦੇਣ ਵਾਸਤੇ ਇੱਕ ਸੀਮਤ ਮੌਕਾ ਵੀ ਖੋਲ੍ਹਿਆ ਏ । ਅਜਿਹੇ ਅਧਿਕਾਰੀ ਮੁੜ-ਪ੍ਰਵੇਸ਼ ਦੀ ਚੋਣ ਕਰ ਸਕਦੇ ਨੇ, ਬਸ਼ਰਤੇ ਉਨ੍ਹਾਂ ਨੇ ਬਾਅਦ ਵਿੱਚ ਕੇਂਦਰ ਜਾਂ ਰਾਜ ਸਰਕਾਰ ਦੇ ਅਧੀਨ ਕੋਈ ਹੋਰ ਸਰਕਾਰੀ ਅਹੁਦਾ ਜਾਂ ਫਾਇਦੇ ਦਾ ਅਹੁਦਾ ਨਾ ਸੰਭਾਲਿਆ ਹੋਵੇ। ਸੁਪਰੀਮ ਕੋਰਟ ਨੇ ਇਨ੍ਹਾਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਦੋ ਹਫ਼ਤਿਆਂ ਦੇ ਅੰਦਰ ਇਸ ਮੁੱਦੇ 'ਤੇ ਫੈਸਲਾ ਲੈਣ ਅਤੇ ਪਾਲਣਾ ਰਿਪੋਰਟ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਏ । ਇਹ ਕਦਮ ਜ਼ਿਲ੍ਹਾ ਨਿਆਂਪਾਲਿਕਾ ਵਿੱਚ ਜੱਜਾਂ ਦੀ ਲਗਾਤਾਰ ਘਾਟ ਅਤੇ ਮਨਜ਼ੂਰਸ਼ੁਦਾ ਅਤੇ ਕਾਰਜਸ਼ੀਲ ਸ਼ਕਤੀਆਂ ਵਿਚਕਾਰ ਇੱਕ ਵੱਡੇ ਪਾੜੇ ਦੇ ਪਿਛੋਕੜ ਵਿੱਚ ਆਇਆ ਏ ।ਇਸ ਤੋਂ ਪਹਿਲਾਂ, ਮੁਲਾਜ਼ਮਾਂ ਨੇ 27 ਅਗਸਤ ਨੂੰ ਪੈਨਸ਼ਨਰਾਂ ਨਾਲ ਰਲ ਕੇ ਸਮੂਹਿਕ ਛੁੱਟੀ ਕੀਤੀ ਸੀ ਤਾਂ ਜੋ ਓਹਨਾਂ ਦੀਆ ਮੰਗਾਂ, ਜਿਸ ਵਿੱਚ ਡੀਏ ਬਕਾਇਆ ਜਾਰੀ ਕਰਨਾ ਸ਼ਾਮਿਲ ਏ, ਨੂੰ ਲਾਗੂ ਕੀਤਾ ਜਾ ਸਕੇ । ਸਰਕਾਰ ਨੇ ਬਾਅਦ ਵਿੱਚ ਵਿਭਾਗਾਂ ਨੂੰ ਉਨ੍ਹਾਂ ਮੁਲਾਜ਼ਮਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਜੋ 27 ਅਗਸਤ ਨੂੰ ਗੈਰਹਾਜ਼ਰ ਰਹੇ ਸਨ।

-------------------------------------------------------

ਸੁਪਰੀਮ ਕੋਰਟ ਨੇ ਕਿਹਾ ਏ ਕਿ ਝਾਰਖੰਡ ਵਿੱਚ ਪੁਲਿਸ ਦੇ ਡਾਇਰੈਕਟਰ ਜਨਰਲ ਵਜੋਂ ਤਾਡਾਸ਼ਾ ਮਿਸ਼ਰਾ ਦੀ ਨਿਯੁਕਤੀ ਕਰਨ ਨਾਲ ਨਿਰਦੇਸ਼ ਦੀ ਉਲੰਘਣਾ ਹੋਈ ਏ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਵਿੱਚ ਇਹ ਹੁਕਮ ਦਿੱਤਾ ਗਿਆ ਸੀ ਕਿ ਨਿਯੁਕਤੀ ਦੇ ਸਮੇਂ ਇੱਕ ਅਧਿਕਾਰੀ ਦੀ ਘੱਟੋ-ਘੱਟ ਛੇ ਮਹੀਨੇ ਦੀ ਸੇਵਾ ਬਾਕੀ ਹੋਣੀ ਚਾਹੀਦੀ ਏ। ਪਿਛਲੇ ਸਾਲ ਦਸੰਬਰ ਵਿੱਚ, ਸ਼੍ਰੀ ਹੇਮੰਤ ਸੋਰੇਨ ਦੀ ਅਗਵਾਈ ਵਾਲੀ ਝਾਰਖੰਡ ਸਰਕਾਰ ਨੇ 1994 ਬੈਚ ਦੀ ਭਾਰਤੀ ਪੁਲਿਸ ਸੇਵਾ ਦੀ ਅਧਿਕਾਰੀ ਤਾਡਾਸ਼ਾ ਮਿਸ਼ਰਾ ਨੂੰ ਉਨ੍ਹਾਂ ਦੀ ਸੇਵਾਮੁਕਤੀ ਤੋਂ ਇੱਕ ਦਿਨ ਪਹਿਲਾਂ, ਪੁਲਿਸ ਦੇ ਡਾਇਰੈਕਟਰ ਜਨਰਲ ਵਜੋਂ ਨਿਯੁਕਤ ਕੀਤਾ ਸੀ। ਸੁਪਰੀਮ ਕੋਰਟ ਨੇ ਇਹ ਟਿੱਪਣੀ ਰਾਜਾਂ ਵਲੋਂ ਪੁਲਿਸ ਦੇ ਡਾਇਰੈਕਟਰ ਜਨਰਲਾਂ ਦੀ ਨਿਯੁਕਤੀ ਨਾਲ ਸਬੰਧਤ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਕੀਤੀ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਬਾਬੂਲਾਲ ਮਰਾਂਡੀ ਨੇ ਰਾਜ ਵਿੱਚ ਪੁਲਿਸ ਦੇ ਡਾਇਰੈਕਟਰ ਜਨਰਲਾਂ ਦੀ ਨਿਯੁਕਤੀ ਲਈ ਨੇਮਾਂ ਵਿੱਚ ਸੋਧ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਾਇਰ ਕੀਤੀ ਸੀ।

------------------------------------------------------------

ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੇ ਇੱਕ ਦੇਸ਼ ਵਿਆਪੀ ਮੁਹਿੰਮ ਦੌਰਾਨ 3 ਹਜ਼ਾਰ 800 ਤੋਂ ਵੱਧ ਬੱਚਿਆਂ ਨੂੰ ਬਾਲ ਮਜ਼ਦੂਰੀ ਤੋਂ ਬਚਾਇਆ ਏ। ਇਸ ਮੁਹਿੰਮ ਦੌਰਾਨ 575 ਤੋਂ ਵੱਧ FIR ਵੀ ਦਰਜ ਕੀਤੀਆਂ ਗਈਆਂ |ਔਰਤਾਂ ਤੇ ਬਚਿਆਂ ਦੇ ਵਿਕਾਸ ਬਾਰੇ ਮੰਤਰਾਲੇ ਮੁਤਾਬਿਕ, ਇਹ ਮੁਹਿੰਮ 12 ਜੂਨ ਤੋਂ 31 ਅਗਸਤ ਤੱਕ ਚਲਾਈ ਗਈ ਸੀ। ਕਮਿਸ਼ਨ ਨੇ ਬੱਚਿਆਂ ਨੂੰ ਬਚਾਉਣ ਅਤੇ ਓਹਨਾਂ ਦੇ ਮੁੜ ਵਸੇਬੇ ਲਈ ਰਾਜ ਸਰਕਾਰਾਂ, ਪੁਲਿਸ ਅਤੇ ਹੋਰ ਸੰਬੰਧਿਤ ਏਜੰਸੀਆਂ ਦੇ ਸਹਿਯੋਗ ਨਾਲ ਕੰਮ ਕੀਤਾ। ਇਸਨੇ ਬਾਲ ਮਜ਼ਦੂਰੀ ਵਿਰੁੱਧ ਜਾਗਰੂਕਤਾ ਮੁਹਿੰਮ ਵੀ ਚਲਾਈ।

------------------------------------------------------------

ਹਵਾਈ ਜਹਾਜ਼ ਜਾਂਚ ਬਿਊਰੋ (A.A.I.B.) ਨੇ ਏਅਰ ਇੰਡੀਆ ਫੁਕੇਟ-ਦਿੱਲੀ ਉਡਾਣ ਸੰਬੰਧੀ ਆਪਣੀ ਮੁੱਢਲੀ ਰਿਪੋਰਟ ਜਾਰੀ ਕੀਤੀ ਏ। ਦਿੱਲੀ ਜਾਂਦੇ ਸਮੇਂ ਉਡਾਣ ਵਿੱਚ ਟਰਬੂਲੈਂਸ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਕੁਝ ਯਾਤਰੀ ਜ਼ਖਮੀ ਹੋ ਗਏ। ਰਿਪੋਰਟ ਮੁਤਾਬਿਕ, ਦੋਵੇਂ ਫਲਾਈਟ ਚਾਲਕ ਦਲ ਦੇ

ਮੈਂਬਰਾਂ ਦਾ ਸਾਇਕੋ ਐਕਟਿਵ ਪਦਾਰਥਾਂ ਲਈ ਟੈਸਟ ਕੀਤਾ ਗਿਆ। ਪਾਇਲਟ-ਇਨ-ਕਮਾਂਡ ਦਾ ਸ਼ੁਰੂਆਤੀ ਨਮੂਨਾ ਨਾਨ-ਨੈਗੇਟਿਵ ਪਾਇਆ ਗਿਆ। ਰਿਪੋਰਟ ਵਿੱਚ ਕਿਹਾ ਗਿਆ ਏ ਕਿ ਤਕਨੀਕੀ ਅਤੇ ਹੋਰ ਪਹਿਲੂਆਂ 'ਤੇ ਵੇਰਵੇ ਸਹਿਤ ਜਾਂਚ ਕੀਤੀ ਜਾ ਰਹੀ ਏ। ਏਅਰ ਇੰਡੀਆ ਨੇ ਜਾਂਚ ਵਿੱਚ ਆਪਣਾ ਪੂਰਾ ਸਹਿਯੋਗ ਦੇਣ ਦੀ ਗੱਲ ਕੀਤੀ ਏ. ਏਅਰਲਾਈਨ ਨੇ ਕਿਹਾ ਕਿ ਮੁਸਾਫ਼ਿਰ ਸੁਰੱਖਿਆ ਉਸਦੀ ਸਭ ਤੋਂ ਵੱਡੀ ਤਰਜੀਹ ਏ। ਨੇਮਾਂ ਦੀ ਕਿਸੇ ਤਰ੍ਹਾਂ ਦੀ ਵੀ ਉਲੰਘਣਾ ਨੂੰ ਬਿਲਕੁਲ ਵੀ ਬਰਦਾਸ਼ਤ ਨਾ ਕਰਨ ਦੀ ਨੀਤੀ ਏ ਅਤੇ ਲੋੜ ਪੈਣ 'ਤੇ ਢੁੱਕਵੀਂ ਕਾਰਵਾਈ ਕੀਤੀ ਜਾਂਦੀ ਏ.

---------------------------------------------------------

ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਾ ਦਿਨ, ਜਨਮਾਸ਼ਟਮੀ ਅੱਜ ਦੇਸ਼ ਭਰ ਵਿੱਚ ਸ਼ਰਧਾ ਅਤੇ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਏ। ਉੱਤਰ ਪ੍ਰਦੇਸ਼ ਵਿੱਚ ਭਗਵਾਨ ਕ੍ਰਿਸ਼ਨ ਦੀ ਨਗਰੀ ਮਥੁਰਾ-ਵ੍ਰਿੰਦਾਵਨ ਵਿੱਚ ਖਾਸ ਤੌਰ ‘ਤੇ ਖੁਸ਼ੀਆਂ ਮਨਾਈਆਂ ਜਾ ਰਹੀਆਂ ਨੇ. ਪੰਜਾਬ ‘ਚ ਵੀ ਸ਼੍ਰੀ ਕ੍ਰਿਸ਼ਨ ਜਨਮਾਸ਼ਟਮੀ ਦੀ ਪੂਰੀ ਧੁੰਮ ਏ. ਸੂਬੇ ਦੇ ਸਾਰੇ ਮੰਦਿਰਾਂ ਖਾਸ ਕਰ ਕੇ ਕ੍ਰਿਸ਼ਨ ਮੰਦਿਰਾਂ ਨੂੰ ਫੁੱਲਾਂ ਤੇ

ਹੋਰ ਸਜਾਵਟ ਨਾਲ ਸੋਹਣੀ ਤਰ੍ਹਾਂ ਸਜਾਇਆ ਗਿਆ ਏ. ਵੱਡੀ ਗਿਣਤੀ ‘ਚ ਸ਼ਰਧਾਲੂ ਸਵੇਰ ਤੋਂ ਹੀ ਦਰਸ਼ਨਾਂ ਤੇ ਪੂਜਾ ਲਈ ਮੰਦਿਰਾਂ ‘ਚ ਪਹੁੰਚ ਰਹੇ ਨੇ. .

---------------------------------------------------------------

ਧਰਤੀ ਵਿਗਿਆਨ ਰਾਜ ਮੰਤਰੀ, ਡਾ. ਜਤਿੰਦਰ ਸਿੰਘ ਨੇ ਕਿਹਾ ਏ ਕਿ ਸਰਕਾਰ ਵਿਦਿਆਰਥੀ-ਕੇਂਦ੍ਰਿਤ ਪ੍ਰੋਗਰਾਮਾਂ ਰਾਹੀਂ ਨੌਜਵਾਨਾਂ ਨੂੰ ਮਜ਼ਬੂਤ ਬਣਾਉਣ, ਵਿਗਿਆਨਕ ਪ੍ਰਵਿਰਤੀ ਨੂੰ ਉਤਸ਼ਾਹਿਤ ਕਰਨ ਅਤੇ ਧਰਤੀ ਪ੍ਰਣਾਲੀ ਵਿਗਿਆਨ ਦੇ ਖੇਤਰ ਵਿੱਚ ਤਰੱਕੀ ਕਰਨ ਲਈ ਨੌਜਵਾਨ ਹੁਨਰ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਏ । ਨਵੀਂ ਦਿੱਲੀ ਵਿੱਚ 19ਵੇਂ ਅੰਤਰਰਾਸ਼ਟਰੀ ਧਰਤੀ ਵਿਗਿਆਨ ਓਲੰਪੀਆਡ 2026 ਵਿੱਚ ਨੌਂ ਤਮਗੇ ਜਿੱਤਣ ਵਾਲੇ "ਟੀਮ ਇੰਡੀਆ ਸਕੂਲ ਚਿਲਡਰਨ" ਨੂੰ ਸਨਮਾਨਿਤ ਕਰਦਿਆਂ ਡਾ. ਜਤਿੰਦਰ ਸਿੰਘ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੇ ਆਪਣੀ ਇਤਿਹਾਸਕ ਕਾਰਗੁਜ਼ਾਰੀ ਨਾਲ ਭਾਰਤ ਨੂੰ ਮਾਣ ਦਿਵਾਇਆ ਏ । ਇਹ ਓਲੰਪੀਆਡ ਪਿਛਲੇ ਮਹੀਨੇ ਇਟਲੀ ਦੇ ਟੂਰਿਨ ਵਿੱਚ ਅੰਤਰਰਾਸ਼ਟਰੀ ਭੂ-ਵਿਗਿਆਨ ਸੰਗਠਨ ਦੀ ਸਰਪ੍ਰਸਤੀ ਹੇਠ ਕਰਾਇਆ ਗਿਆ ਸੀ।

---

ਚਾਈਨਾ ਮਾਸਟਰਜ਼ ਬੈਡਮਿੰਟਨ ਵਿੱਚ, ਸਾਤਵਿਕਸਾਈਰਾਜ ਰੰਕੀਰੈਡੀ ਅਤੇ ਚਿਰਾਗ ਸ਼ੈੱਟੀ ਦੀ ਭਾਰਤ ਦੀ ਮਰਦਾਂ ਦੀ ਡਬਲਜ਼ ਜੋੜੀ, ਅੱਜ ਸ਼ਾਮ ਸ਼ੇਨਜ਼ੇਨ ਵਿੱਚ ਡੈਨਮਾਰਕ ਦੇ ਕਿਮ ਐਸਟਰਪ ਅਤੇ ਐਂਡਰਸ ਸਕਾਰੂਪ ਰਾਸਮੁਸੇਨ ਨੂੰ 21-13, 16-21, 21-18 ਨਾਲ ਹਰਾ ਕੇ ਲਗਾਤਾਰ ਚੌਥੀ ਵਾਰ ਚਾਈਨਾ ਮਾਸਟਰਜ਼ ਸੈਮੀਫਾਈਨਲ ਵਿੱਚ ਦਾਖਿਲ ਹੋ ਗਈ ਏ.

---

- ਬ੍ਰਿਕਸ ਦੇਸ਼ਾਂ ਦੇ ਚੀਫ਼ ਜਸਟਿਸਾਂ ਦਾ ਤਿੰਨ ਦਿਨਾਂ ਸੰਮੇਲਨ ਅੱਜ ਨਵੀਂ ਦਿੱਲੀ ਵਿੱਚ ਸ਼ੁਰੂ. ਭਾਰਤ ਦੇ ਚੀਫ਼ ਜਸਟਿਸ ਵਲੋਂ ਕਈ ਦੇਸ਼ਾਂ ਦੇ ਨਿਆਂਇਕ ਵਫ਼ਦਾਂ ਦੇ ਮੁਖੀਆਂ ਨਾਲ ਦੁਵੱਲੀਆਂ ਮੀਟਿੰਗਾਂ.

- ਉਪ-ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ ਦੇ ਐਕਸ-ਆਫੀਸ਼ੀਓ ਚਾਂਸਲਰ, ਸ਼੍ਰੀ ਸੀ. ਪੀ. ਰਾਧਾ-ਕ੍ਰਿਸ਼ਨਨ ਨੇ ਕਿਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਭਾਰਤ ਦੇ ਉੱਚ ਸਿੱਖਿਆ ਅਤੇ ਵਿਗਿਆਨਕ ਖੋਜ ਸਿਲਸਿਲੇ ਵਿੱਚ ਵੱਡੀ ਤਬਦੀਲੀ ਆਈ ਏ.

- ਪੰਜਾਬ ਸਰਕਾਰ ਵਲੋਂ 17 ਜੁਲਾਈ, 2020 ਤੋਂ ਬਾਅਦ ਭਰਤੀ ਹੋਏ ਰਾਜ ਦੇ ਕਰੀਬ 85 ਹਜ਼ਾਰ ਸਰਕਾਰੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਨੂੰ ਸੋਧ ਕੇ 42 ਫੀਸਦੀ ਤੋਂ 60 ਫੀਸਦੀ ਕਰਨ ਦਾ ਫੈਸਲਾ.
- ਸੁਪਰੀਮ ਕੋਰਟ ਨੇ ਸੱਤ ਰਾਜਾਂ ਨੂੰ ਨਿਆਂਇਕ ਅਧਿਕਾਰੀਆਂ ਦੀ ਸੇਵਾਮੁਕਤੀ ਦੀ ਉਮਰ 60 ਤੋਂ ਵਧਾ ਕੇ 62 ਸਾਲ ਕਰਨ ਦਾ ਨਿਰਦੇਸ਼ ਦਿੱਤਾ ਏ।

- ਚਾਈਨਾ ਮਾਸਟਰਜ਼ ਬੈਡਮਿੰਟਨ ਵਿੱਚ, ਸਾਤਵਿਕਸਾਈਰਾਜ ਰੰਕੀਰੈਡੀ ਅਤੇ ਚਿਰਾਗ ਸ਼ੈੱਟੀ ਦੀ ਜੋੜੀ, ਲਗਾਤਾਰ ਚੌਥੀ ਵਾਰ ਚਾਈਨਾ ਮਾਸਟਰਜ਼ ਸੈਮੀਫਾਈਨਲ ਵਿੱਚ ਪਹੁੰਚੀ.

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ , ਸਾਡਾ ਅਗਲਾ ਰਾਸ਼ਟਰੀ ਬੁਲੇਟਿਨ ਸਵੇਰੇ ਸਾਢੇ 8 ਵਜੇ ਹੋਏਗਾ .**

**ਨਮਸ੍ਕਾਰ।**